*"ਮੈਂ ਸਦਾ ਅੰਗਦਾਨ ਕਾਰਡ ਆਪਣੇ ਨਾਲ ਰੱਖਦਾ ਹਾਂ। ਇਹਦੇ 'ਤੇ ਲਿਖਿਆ ਹੈ ਕਿ ਮੇਰੀ ਮੌਤ ਤੋਂ ਮਗਰੋਂ ਮੇਰਾ ਸਾਰਾ ਸਰੀਰ ਅੰਗਦਾਨ ਕਰਨ ਲਈ ਅਤੇ ਡਾਕਟਰੀ ਖੋਜ ਦੇ ਕੰਮਾਂ ਲਈ ਵਰਤਿਆ ਜਾ ਸਕਦਾ ਹੈ। ਮੈਂ ਵੱਧ ਤੋਂ ਵੱਧ ਲੋਕਾਂ ਨੂੰ ਪ੍ਰੋਤਸਾਹਨ ਦਿਆਂਗਾ ਕਿ ਉਹ ਵੀ ਇਹੋ ਕੰਮ ਕਰਨ।"*

ਡਾਕਟਰ ਬਾਲ ਮੁਕੰਦ ਭੱਲਾ
ਕੁ-ਆਰਡੀਨੇਟਰ ਹਿੰਦੂ ਇੰਟਰਨੈਸ਼ਨਲ ਮੈਡੀਕਲ ਮਿਸ਼ਨ,
ਸਾਬਕਾ ਪ੍ਰਧਾਨ, ਹਿੰਦੂ ਕਾਉਂਸਿਲ ਯੂ ਕੇ

## ਅੰਗਦਾਨ ਮਹਾਨ ਦਾਨ ਹੈ ਪਰ ਹੋਰ ਬਹੁਤ ਦਾਨੀਆਂ ਦੀ ਲੋੜ ਹੈ

ਨੇਕੀ ਦਾ ਕੰਮ ਕਰ ਕੋਈ ਕਰ ਸਕਦਾ ਹੈ

ਕਿਰਪਾ ਕਰਕੇ:
- ਆਪਣੇ ਪਰਿਵਾਰ ਨਾਲ ਗੱਲ ਕਰੋ
- ਆਪਣੀਆਂ ਇੱਛਾਵਾਂ ਰਜਿਸਟਰ ਕਰਵਾਓ
- ਅੰਗਦਾਨ ਕਾਰਡ ਆਪਣੇ ਨਾਲ ਰੱਖੋ

ਅੰਗਦਾਨ ਬਾਰੇ ਵਧੇਰੇ ਜਾਣਕਾਰੀ ਲੈਣ ਲਈ, ਜਾਂ ਐਨ ਐਚ ਐੱਸ ਦੇ ਅੰਗਦਾਨੀਆਂ ਦੇ ਰਜਿਸਟਰ ਵਿਚ ਸ਼ਾਮਿਲ ਹੋਣ ਲਈ, ਇਹਨਾਂ ਨੂੰ ਫ਼ੋਨ ਕਰੋ:

**ਓਰਗਨ ਡੋਨਰ ਲਾਈਨ**
**0845 60 60 400**
**www.uktransplant.org.uk**

ਹਿੰਦੂ ਧਰਮ ਬਾਰੇ ਜਾਣਕਾਰੀ ਇਸ ਵੈੱਬਸਾਈਟ ਤੋਂ ਮਿਲ ਸਕਦੀ ਹੈ:
www.bbc.co.uk/religion

## ਨਵੇਂ ਅੰਗ ਲਾਉਣ ਨਾਲ ਜਾਨ ਦੀ ਰੱਖਿਆ ਹੁੰਦੀ ਹੈ

Compiled by Rachel Howitt, Bradford Hospitals NHS Trust
Produced by UK Transplant, Fox Den Road, Stoke Gifford, Bristol BS34 8RR
© UK Transplant April 2003



NHS
UK Transplant

# ਹਿੰਦੂ ਧਰਮ ਅਤੇ ਅੰਗਦਾਨ

ਅੰਗਦਾਨ ਕਰਨ ਅਤੇ ਹਿੰਦੂ ਧਰਮ ਦੇ ਸਿਧਾਂਤਾਂ ਬਾਰੇ ਜਾਣਕਾਰੀ

Hindu Dharma
and organ donation
Punjabi

## ਅੰਗਦਾਨ ਕਰਨਾ (ਓਰਗਨ ਡੋਨੇਸ਼ਨ)

ਅੰਗਦਾਨ ਦਾ ਅਰਥ ਹੈ ਆਪਣੇ ਸਰੀਰ ਦਾ ਕੋਈ ਹਿੱਸਾ ਕਿਸੇ ਹੋਰ ਵਿਅਕਤੀ ਨੂੰ ਦਾਨ ਦੇਣਾ ਜਿਹਦੇ ਸਰੀਰ ਵਿਚ ਇਹ ਨਵਾਂ ਅੰਗ ਲਾਉਣ ਦੀ ਲੋੜ ਹੋਵੇ। ਅੰਗਦਾਨ ਕਰਨ ਨਾਲ ਹਰ ਸਾਲ ਸੈਂਕੜੇ ਲੋਕਾਂ ਦੀ ਜਾਨ ਬਚਦੀ ਹੈ। ਜ਼ਿਆਦਾਤਰ ਅੰਗ ਉਹਨਾਂ ਲੋਕਾਂ ਵਲੋਂ ਦਾਨ ਕੀਤੇ ਜਾਂਦੇ ਹਨ ਜਿਹਨਾਂ ਦੀ ਮੌਤ ਹੋ ਜਾਏ। ਫਿਰ ਦਿਲ, ਫੇਫੜਿਆਂ, ਗੁਰਦਿਆਂ, ਜਿਗਰ, ਪਾਚਨ ਗ੍ਰੰਥੀ ਅਤੇ ਛੋਟੀ ਆਂਤੜੀ ਵਰਗੇ ਅੰਗ ਦਾਨ ਕੀਤੇ ਜਾ ਸਕਦੇ ਹਨ। ਚਮੜੀ, ਹੱਡੀ, ਦਿਲ ਦੇ ਵਾਲਵ ਅਤੇ ਅੱਖਾਂ ਵਰਗੇ ਅੰਗਾਂ ਦੀ ਵਰਤੋਂ ਵੀ ਹੋਰਨਾਂ ਦੀ ਮਦਦ ਕਰਨ ਲਈ ਕੀਤੀ ਜਾ ਸਕਦੀ ਹੈ।

## ਅੰਗਦਾਨ ਦੇਣ ਦਾ ਕੰਮ ਕਦ ਕੀਤਾ ਜਾ ਸਕਦਾ ਹੈ?

ਡਾਕਟਰ ਅਤੇ ਨਰਸਾਂ ਕਿਸੇ ਦੀ ਜ਼ਿੰਦਗੀ ਨੂੰ ਬਚਾਉਣ ਦੀ ਹਰ ਕੋਸ਼ਿਸ਼ ਕਰਨ ਲਈ ਵਚਨ-ਬੱਧ ਹੁੰਦੇ ਹਨ। ਦਾਨ ਦੇਣ ਲਈ ਅੰਗ ਸਿਰਫ਼ ਤਦ ਕੱਢੇ ਜਾਂਦੇ ਹਨ ਜਦ ਕਿਸੇ ਦੀ ਮੌਤ ਹੋਈ ਨਿਸ਼ਚਿਤ ਹੋ ਜਾਏ। ਮੌਤ ਹੋ ਗਈ ਨਿਸ਼ਚਿਤ ਕਰਨ ਦਾ ਕੰਮ ਉਹ ਡਾਕਟਰ ਕਰਦਾ ਹੈ ਜਾਂ ਕਰਦੇ ਹਨ ਜੋ ਅੰਗ ਕੱਢਣ ਵਾਲੀ ਟੀਮ ਤੋਂ ਪੂਰੀ ਤਰ੍ਹਾਂ ਸੁਤੰਤਰ ਹੁੰਦਾ ਹੈ।

ਦਾਨ ਦੇਣ ਲਈ ਜ਼ਿਆਦਾਤਰ ਅੰਗ ਉਹਨਾਂ ਮਰੀਜ਼ਾਂ ਦੇ ਲਏ ਜਾਂਦੇ ਹਨ ਜਿਹਨਾਂ ਦੀ ਮੌਤ ਹਸਪਤਾਲ ਵਿਚ ਇੰਨਟੈਂਸਿਵ ਕੇਅਰ ਯੂਨਿਟ ਵਿਚ ਵੈਂਟੀਲੇਟਰ 'ਤੇ ਦਿਮਾਗ਼ ਨੂੰ ਗੰਭੀਰ ਸੱਟਚੋਟ ਲੱਗਣ ਨਾਲ ਹੁੰਦੀ ਹੈ। ਦਿਮਾਗ਼ ਦੀ ਸੱਟ ਨਾਲ ਦਿਮਾਗ਼ ਦੇ ਮੁੱਢਲੇ ਹਿੱਸੇ ਵਿਚ ਜ਼ਿੰਦਗੀ ਨੂੰ ਕਾਇਮ ਰੱਖਣ ਵਾਲੇ ਸੈਂਟਰਾਂ ਨੂੰ ਨੁਕਸਾਨ ਪਹੁੰਚਦਾ ਹੈ। ਜਿਸ ਵਿਅਕਤੀ ਦੇ ਦਿਮਾਗ਼ ਦੇ ਮੁੱਢਲੇ ਹਿੱਸੇ ਦੀ ਮੌਤ ਹੋ ਜਾਏ ਉਹਨੂੰ ਜੀਉਂਦਾ ਨਹੀਂ ਰੱਖਿਆ ਜਾ ਸਕਦਾ। ਟੈਸਟ ਕਰਨ ਨਾਲ ਪੱਕਾ ਪਤਾ ਲਗ ਜਾਂਦਾ ਹੈ ਕਿ ਇਹ ਮੌਤ ਕਦ ਹੁੰਦੀ ਹੈ।

ਜਿਹੜੇ ਲੋਕਾਂ ਦੀ ਮੌਤ ਹਸਪਤਾਲ ਵਿਚ ਹੁੰਦੀ ਹੈ, ਪਰ ਵੈਂਟੀਲੇਟਰ 'ਤੇ ਨਹੀਂ, ਉਹ ਵੀ ਕਈ ਵਾਰ ਅੰਗਦਾਨ ਕਰ ਸਕਦੇ ਹਨ। ਇਹਨਾਂ ਨੂੰ ਦਿਲ ਨਾ ਧੜਕਣ ਵਾਲੇ ਦਾਨੀ ਆਖਿਆ ਜਾਂਦਾ ਹੈ।

ਜਿਹਨਾਂ ਲੋਕਾਂ ਦੀ ਮੌਤ ਹਸਪਤਾਲ ਵਿਚ ਨਹੀਂ ਹੁੰਦੀ, ਉਹ ਵੀ ਕਈ ਵਾਰ ਸਰੀਰ ਦੇ ਕੁਝ ਹਿੱਸੇ ਦਾਨ ਕਰ ਸਕਦੇ ਹਨ।

## ਇਜਾਜ਼ਤ

ਕਿਸੇ ਮ੍ਰਿਤਕ ਵਿਅਕਤੀ ਦੇ ਅੰਗ ਕੱਢਣ ਤੋਂ ਪਹਿਲਾਂ ਸਦਾ ਹੀ ਉਹਦੇ ਨਜ਼ਦੀਕੀ ਲੋਕਾਂ ਤੋਂ ਇਜਾਜ਼ਤ ਲਈ ਜਾਂਦੀ ਹੈ ਜਾਂ ਉਹਨਾਂ ਨੂੰ ਪੁੱਛਿਆ ਜਾਂਦਾ ਹੈ ਕਿ ਉਹਨਾਂ ਨੂੰ ਇਤਰਾਜ਼ ਤਾਂ ਨਹੀਂ। ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਲੋਕ ਆਪਣੇ ਪਿਆਰਿਆਂ ਨੂੰ ਆਪਣੀਆਂ ਇੱਛਾਵਾਂ ਦੱਸ ਦੇਣ। ਅੰਗਦਾਨ ਕਰਨਾ ਕਿਸੇ ਵਿਅਕਤੀ ਦੀ ਆਪਣੀ ਇੱਛਾ ਅਨੁਸਾਰ ਹੁੰਦਾ ਹੈ, ਅਤੇ ਕਿਸੇ ਇਕ ਧਰਮ ਨੂੰ ਮੰਨਣ ਵਾਲਿਆਂ ਦੇ ਵਿਚਾਰ ਵੀ ਵੱਖ ਵੱਖ ਹੋ ਸਕਦੇ ਹਨ। ਅੰਗਦਾਨ ਦਾ ਸਮਰਥਨ ਕਰਨ ਵਾਲੇ ਕਈ ਪਰਿਵਾਰਾਂ ਨੇ ਕਿਹਾ ਹੈ ਕਿ ਉਹਨਾਂ ਨੂੰ ਪੈਣ ਵਾਲੇ ਘਾਟੇ ਤੋਂ ਜੇ ਕਿਸੇ ਦਾ ਭਲਾ ਹੋ ਜਾਏ, ਤਾਂ ਇਹ ਚੰਗੀ ਗੱਲ ਹੈ।

## ਧਿਆਨ ਅਤੇ ਸਤਿਕਾਰ

ਅੰਗ ਕੱਢਣ ਦਾ ਕੰਮ ਬੜੇ ਹੀ ਧਿਆਨ ਅਤੇ ਸਤਿਕਾਰ ਨਾਲ ਕੀਤਾ ਜਾਂਦਾ ਹੈ। ਪਰਿਵਾਰ ਵਾਲੇ ਬਾਅਦ ਵਿਚ ਸਰੀਰ ਦੇਖ ਸਕਦੇ ਹਨ ਅਤੇ ਜੇ ਪਰਿਵਾਰ ਚਾਹੇ ਤਾਂ ਸਟਾਫ਼ ਕਿਸੇ ਮੰਦਰ ਦੇ ਪੰਡਤ ਨਾਲ ਜਾਂ ਸਥਾਨਕ ਧਾਰਮਿਕ ਨੇਤਾ ਨਾਲ ਵੀ ਰਾਬਤਾ ਕਰ ਸਕਦਾ ਹੈ।

# ਹਿੰਦੂ ਧਰਮ ਅਤੇ ਅੰਗਦਾਨ

ਹਿੰਦੂ ਧਰਮ ਗ੍ਰੰਥਾਂ ਵਿਚ ਬਹੁਤ ਸਾਰੀਆਂ ਅਜਿਹੀਆਂ ਗੱਲਾਂ ਮਿਲਦੀਆਂ ਹਨ ਜਿਹਨਾਂ ਤੋਂ ਅੰਗਦਾਨ ਦਾ ਸਮਰਥਨ ਹੁੰਦਾ ਹੈ। ਦਾਨ ਸ਼ਬਦ ਮੂਲ ਸੰਸਕ੍ਰਿਤ ਸ਼ਬਦ ਹੈ ਜਿਹਦਾ ਅਰਥ ਹੈ ਬਿਨਾਂ ਕਿਸੇ ਸਵਾਰਥ ਦੇ ਕਿਸੇ ਨੂੰ ਕੁਝ ਦੇਣਾ। *ਨਿਯਮਾਂ* (ਨੇਕ ਕੰਮਾਂ) ਦੀ ਲਿਸਟ ਵਿਚ ਦਾਨ ਤੀਸਰੇ ਨੰਬਰ 'ਤੇ ਆਉਂਦਾ ਹੈ।

*"ਜਿਹਨਾਂ ਵੀ ਚੀਜ਼ਾਂ ਦਾ ਦਾਨ ਕੀਤਾ ਜਾ ਸਕਦਾ ਹੈ ਉਹਨਾਂ ਵਿਚੋਂ ਆਪਣੇ ਸਰੀਰ ਦਾ ਦਾਨ ਕਰਨਾ ਸਭ ਤੋਂ ਉੱਤਮ ਦਾਨ ਹੈ।"*
*ਮਨੂਸਮ੍ਰਿਤਿ*

ਹਿੰਦੂਆਂ ਦਾ ਇਹ ਦ੍ਰਿੜ੍ਹ ਵਿਸ਼ਵਾਸ ਹੈ ਕਿ ਸਰੀਰ ਦੀ ਮੌਤ ਤੋਂ ਮਗਰੋਂ ਵੀ ਹੋਰ ਜਨਮ ਲੈਣ ਲਈ ਆਤਮਾ ਕਾਇਮ ਰਹਿੰਦੀ ਹੈ। ਕਰਮ ਦੇ ਨਿਯਮਾਂ ਅਨੁਸਾਰ ਇਹ ਨਿਸ਼ਚਿਤ ਹੁੰਦਾ ਹੈ ਕਿ ਆਤਮਾ ਕਿੱਥੇ ਜਾਏਗੀ। ਭਗਵਦਗੀਤਾ ਵਿਚ ਅਮਰ ਆਤਮਾ ਦਾ ਨਸ਼ਵਰ ਸਰੀਰ ਨਾਲ ਉਹੋ ਜਿਹਾ ਸੰਬੰਧ ਹੁੰਦਾ ਹੈ ਜਿਹੋ ਜਿਹਾ ਸੰਬੰਧ ਸਰੀਰ ਦਾ ਵਸਤ੍ਰਾਂ ਨਾਲ ਹੁੰਦਾ ਹੈ।

*"ਵਾਸਾਂਸਿ ਜੀਰਣਾਨਿ ਯਥਾ ਵਿਹਾਯ*
*ਨਵਾਨਿ ਗ੍ਰਹਣਾਤਿ ਨਰੋ 'ਪਰਾਣਿ*
*ਤਥਾ ਸ਼ਰੀਰਾਣਿ ਵਿਹਾਯ ਜੀਰਣਨਯਨਯਾਨਿ*
*ਸੰਯਾਤਿ ਨਵਾਨਿ ਦੇਹੀ।"*

*"ਜਿਵੇਂ ਕੋਈ ਵਿਅਕਤੀ ਪੁਰਾਣੇ ਵਸਤ੍ਰਾਂ ਨੂੰ ਲਾਹ ਕੇ*
*ਨਵੇਂ ਵਸਤ੍ਰ ਪਹਿਨ ਲੈਂਦਾ ਹੈ,*
*ਉਸੇ ਤਰ੍ਹਾਂ ਆਤਮਾ ਪੁਰਾਣੇ ਵਿਅਰਥ ਹੋ ਗਏ*
*ਸਰੀਰ ਨੂੰ ਤਿਆਗ ਕੇ ਨਵਾਂ ਸਰੀਰ ਗ੍ਰਹਿਣ ਕਰ ਲੈਂਦੀ ਹੈ।"*
*ਭਗਵਦਗੀਤਾ*, ਅਧਿਆਇ 2:22

ਵਿਗਿਆਨਕ ਅਤੇ ਆਯੁਰਵੈਦਿਕ ਗ੍ਰੰਥਾਂ (*ਚਰਕ ਅਤੇ ਸੁਸ਼ਰੁਤ ਸੰਹਿਤਾ*) ਨੂੰ ਵੀ ਵੇਦਾਂ ਦਾ ਜ਼ਰੂਰੀ ਅੰਗ ਮੰਨਿਆ ਜਾਂਦਾ ਹੈ। *ਰਿਸ਼ੀ ਚਰਕ* ਨੇ ਸਰੀਰ ਦੇ ਅੰਦਰ ਜਾਣ ਵਾਲੀਆਂ ਦਵਾਈਆਂ ਬਾਰੇ ਅਤੇ *ਰਿਸ਼ੀ ਸੁਸ਼ਰੁਤ* ਨੇ ਸਰੀਰ ਦੇ ਅੰਗਾਂ ਬਾਰੇ ਅਤੇ ਇਕ ਵਿਅਕਤੀ ਦੇ ਅੰਗ ਹੋਰਨਾਂ ਦੇ ਸਰੀਰ ਵਿਚ ਲਾਉਣ ਬਾਰੇ ਲਿਖਿਆ ਹੈ।

*"ਹਿੰਦੂਆਂ ਲਈ ਵੱਡੀ ਗੱਲ ਇਹ ਹੈ ਕਿ ਜਿਸ ਕੰਮ ਨਾਲ ਜੀਵਨ ਦਾ ਭਲਾ ਹੋਵੇ ਉਹਨੂੰ ਧਰਮ ਮੰਨ ਕੇ ਉਹਦਾ ਪ੍ਰਚਾਰ ਕੀਤਾ ਜਾਣਾ ਚਾਹੀਦਾ ਹੈ। ਅੰਗਦਾਨ ਸਾਡੇ ਜੀਵਨ ਦਾ ਅਨਿੱਖੜਵਾਂ ਭਾਗ ਹੈ।"*
ਹਸਮੁਖ ਵੇਲਜੀ ਸ਼ਾਹ, ਇੰਟਰਨੈਸ਼ਨਲ ਟ੍ਰਸਟੀ, ਵਰਲਡ ਕਾਉਂਸਿਲ ਆੱਫ਼ ਹਿੰਦੂਜ਼

*"ਅੰਗਦਾਨ ਹਿੰਦੂ ਧਰਮ ਦੇ ਨਿਯਮਾਂ ਦੇ ਅਨੁਸਾਰ ਸਹੀ ਕੰਮ ਹੈ, ਕਿਉਂਕਿ ਇਹਦੇ ਨਾਲ ਹੋਰਨਾਂ ਦੀ ਜ਼ਿੰਦਗੀ ਬਚਾਈ ਜਾ ਸਕਦੀ ਹੈ।"*
ਮਿਸਟਰ ਓਮ ਪ੍ਰਕਾਸ਼ ਸ਼ਰਮਾ ਐਮ ਬੀ ਈ, ਪ੍ਰਧਾਨ, ਨੈਸ਼ਨਲ ਕਾਉਂਸਿਲ ਆੱਫ਼ ਹਿੰਦੂ ਟੈਂਪਲਜ਼